NAVTEJ SINGH CHEEMA
M.L.A.
Sultanpur Lodhi

ਪੱਤਰ ਨੰਬਰ: 499

ਮਿਤੀ 01-10-2018

ਸੇਵਾ ਵਿਖੇ,

ਮਾਣਯੋਗ ਮੁੱਖ ਮੰਤਰੀ ਸਾਹਿਬ,
ਪੰਜਾਬ, ਚੰਡੀਗੜ੍ਹ।

**ਵਿਸ਼ਾ:-** **550 ਸਾਲਾ ਸ਼ਤਾਬਦੀ ਸਮਾਰੋਹ ਲਈ ਹਲਕਾ ਸੁਲਤਾਨਪੁਰ ਲੋਧੀ ਵਿੱਚ ਪਹਿਲ ਦੇ ਅਧਾਰ ਤੇ ਹੋਣ ਵਾਲੇ ਕਾਰਜਾ ਸੰਬੰਧੀ।**

ਸ਼੍ਰੀਮਾਨ ਜੀ,

ਆਪ ਜੀ ਸੇਵਾ ਵਿੱਚ ਲਿਖਿਆ ਜਾਂਦਾ ਹੈ ਕਿ ਸਾਲ 2019 ਵਿੱਚ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਪੰਜਾਬ ਸਰਕਾਰ ਵੱਲੋ ਵੱਡੇ ਪੱਧਰ 'ਤੇ ਹਲਕਾ ਸੁਲਤਾਨਪੁਰ ਲੋਧੀ ਵਿਖੇ ਮਨਾਇਆ ਜਾਣਾ ਹੈ, ਤੇ ਇਸ ਸੰਬੰਧੀ ਹਲਕੇ ਦੇ ਬਹੁਤ ਵਿਕਾਸ ਕਾਰਜ ਕੰਮ ਕੀਤੇ ਜਾਣੇ ਹਨ, ਸੋ ਇਹਨਾ ਕੰਮਾ ਵਿੱਚੋ ਕੁਝ ਜਲਦ ਹੋਣ ਵਾਲੇ ਮੁੱਖ ਕੰਮਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. **ਤਲਵੰਡੀ ਰੋਡ ਤੋਂ ਸੁਲਤਾਨਪੁਰ** ਲੋਧੀ ਜੋ ਕਿ ਸਾਰੀਆਂ ਸੰਗਤਾਂ ਦੇ ਆਣ ਜਾਣ ਦਾ ਮੁੱਖ ਮਾਰਗ ਹੈ ਇਸ ਮਾਰਗ ਤੇ ਕਲੋਨੀਆਂ ਦਾ ਗੰਦਾ ਪਾਣੀ ਖੜਾ ਹੋਣ ਦੀ ਮੁੱਖ ਸਮੱਸਿਆ ਹੈ। ਇਸ ਕੰਮ ਲਈ ਪਿੰਡ ਮਾਛੀਜੋਆ ਵਿਖੇ ਪਾਸ ਹੋਈ ਜਮੀਨ ਤੇ ਜਲਦ ਹੀ (STP) ਸੀਵਰੇਜ ਟਰੀਟਮੈਂਟ ਪਲਾਂਟ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ ਜਾਵੇ।

2. **ਨਗਰ ਕੌਂਸਲ ਸੁਲਤਾਨਪੁਰ** ਲੋਧੀ ਦੇ ਅਧੀਨ ਸੀਵਰੇਜ ਸਿਸਟਮ,ਸਟੋਰਮ ਵਾਟਰ, ਸੋਲਰ ਸਟਰੀਟ ਲਾਇਟਸ, ਸੀ.ਸੀ.ਟੀ.ਵੀ. ਕੈਮਰਿਆਂ ਲਗਵਾਉਣ ਦਾ ਕੰਮ ਜਲਦ ਸ਼ੁਰੂ ਕਰਵਾਇਆ ਜਾਵੇ।

3. **ਸਰਕਾਰੀ ਹਸਪਤਾਲ ਸੁਲਤਾਨਪੁਰ** ਲੋਧੀ ਵਿੱਚ ਮੌਜੂਦਾ ਮੈਡੀਕਲ ਸਟਾਫ ਅਤੇ ਡਾਕਟਰਾ ਦੀ ਖਾਲੀ ਪੋਸਟਾਂ ਨੂੰ ਪਹਿਲ ਦੇ ਅਧਾਰ 'ਤੇ ਪੂਰਾ ਕੀਤਾ ਜਾਵੇ ਅਤੇ ਹਸਪਤਾਲ ਸੁਲਤਾਨਪੁਰ ਲੋਧੀ ਲਈ ਐਂਬੂਲੈਂਸ ਅਤੇ ਡਰਾਇਵਰ ਕਮੀ ਨੂੰ ਪੂਰਾ ਕੀਤਾ ਜਾਵੇ ਜੀ ਤਾਂ ਜੋ ਕਿਸੇ ਮਰੀਜ਼ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਾ ਆਵੇ।

4. ਸਾਲ **2019 ਦੇ ਸ਼ਤਾਬਦੀ** ਸਮਾਰੋਹ ਤੋ ਪਹਿਲਾ ਸਾਲ 2018 ਵਿੱਚ ਸੰਗਤਾ ਦੀ ਲਗਾਤਾਰ ਵੱਧ ਰਹੀ ਆਮਦ ਨੂੰ ਦੇਖਦਿਆ ਹੋਇਆ ਹਲਕਾ ਸੁਲਤਾਨਪੁਰ ਲੋਧੀ ਵਿੱਚ 2 ਮਲਟੀ ਸਪੈਸ਼ਲਿਸਟ ਮੈਡੀਕਲ ਵੈਨ ਮੁਹੱਈਆ ਕਰਵਾਈਆ ਜਾਣ ਤਾ ਜੋ ਸੰਗਤਾ ਨੂੰ ਪਹਿਲ ਦੇ ਅਧਾਰ 'ਤੇ ਮੈਡੀਕਲ ਸੁਵਿਧਾ ਦਿੱਤੀ ਜਾਵੇ।

5. **ਸੁਲਤਾਨਪੁਰ ਲੋਧੀ ਨਗਰ ਕੋਂਸਲ** ਨੂੰ ਸੀਵਰੇਜ ਦੀ ਸਫਾਈ ਵਾਸਤੇ ਜੈਟਿੰਗ ਮਸ਼ੀਨ ਅਤੇ ਕੂੜਾ ਕਰਕਟ ਚੁੱਕਣ ਲਈ ਜੇ.ਸੀ.ਬੀ. ਮਸ਼ੀਨ ਅਤੇ ਟਰੈਕਟਰ ਟਰਾਲੀਆਂ ਜਲਦ ਮੁੱਹਈਆ ਕਰਵਾਈ ਜਾਵੇ।

6. **ਸੁਲਤਾਨਪੁਰ ਲੋਧੀ ਵਿੱਚ 66 ਕੇ.ਵੀ. ਪਾਵਰ ਗਰਿਡ** (PSPCL) ਬਣਾਉਣ ਦੀ ਮੰਗ ਕੀਤੀ ਗਈ ਹੈ ਜਿਸ ਦਾ ਕੰਮ ਜਲਦ ਸ਼ੁਰੂ ਕਰਵਾਇਆ ਜਾਵੇ ਤਾਂ ਕਿ ਗੁਰੂ ਸਾਹਿਬ ਜੀ ਦੀ ਜਨਮ ਸ਼ਤਾਬਦੀ ਵਿਚ ਬਿਜਲੀ ਦੀ ਕਿਸੇ ਕਿਸਮ ਦੀ ਸਮੱਸਿਆ ਨਾ ਆਵੇ।

7. **ਸੁਲਤਾਨਪੁਰ ਲੋਧੀ ਵਿਖੇ ਮਲਟੀਪਰਪਜ** ਖੇਡ ਸਟੇਡੀਅਮ ਬਣਾਉਣ ਲਈ 10 ਕਿੱਲੇ ਦੇਣ ਲਈ ਯੋਗ ਜਮੀਨ ਹੈ ਸੋ ਸਟੇਡੀਅਮ ਬਣਾਉਣ ਦਾ ਕੰਮ ਜਲਦ ਸ਼ੁਰੂ ਕਰਵਾਇਆਂ ਜਾਵੇ ਜੀ।

ਧੰਨਵਾਦ ਸਹਿਤ

(ਨਵਤੇਜ ਸਿੰਘ ਚੀਮਾ)

# 59, Sector 3, Chandigarh-160030/ Sultanpur Lodhi-144626, Distt. Kapurthala, Punjab
Ph.01828-502004, Mob.: +91 98722-13256, 98762-65222
Email: cheemanavtej@gmail.com

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ
ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ।

ਪਿੱਠ ਅੰਕਣ ਨੰ: ਪਵਸਸਬ-2018/ਵ-1/ 19164 ਮਿਤੀ: 17/10/18

ਉਪਰੋਕਤ ਦੀ ਨਕਲ ਮੁੱਖ ਇੰਜੀਨੀਅਰ(ਪੱਛਮ),ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਅੰਮ੍ਰਿਤਸਰ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਪੱਤਰ ਵਿੱਚ ਦਰਸਾਏ ਸਬੰਧਤ ਪੁਆਇੰਟ ਨੰ: 1,2 ਤੇ ਲੋੜੀਂਦੀ ਕਾਰਵਾਈ ਕਰਨ ਉਪਰੰਤ ਜਵਾਬ ਇਸ ਦਫਤਰ ਨੂੰ ਭੇਜਿਆ ਜਾਵੇ ਤਾਂ ਜੋ ਉਸੇ ਅਨੁਸਾਰ ਸਰਕਾਰ ਨੂੰ ਜਵਾਬ ਭੇਜਿਆ ਜਾ ਸਕੇ।

17/10

ਕਾਰਜਕਾਰੀ ਇੰਜੀਨੀਅਰ(ਵ)
ਵਾਸਤੇ ਇੰਜੀਨੀਅਰ ਇੰਨ ਚੀਫ-ਕਮ-
ਤਕਨੀਕੀ ਸਲਾਹਕਾਰ

15.10.2018